# ਹਮਰੇ ਰਾਮ ਨਾਮ ਕਹਿ ਉਬਰੇ

ਇਹ ਸ਼ਬਦ ਭਗਤ ਕਬੀਰ ਜੀ ਨੇ ਰਾਮਕਲੀ ਰਾਗ ਵਿਚ ਉਚਾਰਣ ਕੀਤਾ ਹੈ ਜੋ ਪੰਨਾ ੯੭੦ ਤੇ ਅੰਕਿਤ ਹੈ।

ਇਸ ਸ਼ਬਦ ਵਿਚ ਭਗਤ ਜੀ ਪੁਜਾਰੀ ਵਰਗ (priestly class) ਨੂੰ ਉਪਦੇਸ਼ ਦੇ ਕੇ ਖ਼ਬਰਦਾਰ ਕਰ ਰਹੇ ਹਨ। (ਅਜ ਦੇ ਸਮੇਂ priestly class ਦੇ ਦੋ ਹਿਸੇ ਹੋ ਗਏ ਹਨ - ਧਰਮ ਅਸਥਾਨਾਂ ਤੇ ਕਾਬਜ਼ ਵਰਗ ਅਤੇ ਧਰਮ ਦੇ ਵਿਦਵਾਨਾਂ ਦਾ ਵਰਗ। ਦੋਨੋ ਬੰਦਗੀ ਰੂਪੀ ਧਰਮ ਤੋਂ ਹੀਣੇ ਹਨ।) ਆਮ ਤੌਰ ਤੇ ਇਨ੍ਹਾਂ ਵਰਗਾਂ ਦਾ, ਅਸਲ ਧਰਮ ਤੋਂ ਟੁਟੇ ਹੋਣ ਕਰਕੇ, ਵਰਤਾਰਾ ਇਹ ਵਾਪਰਦਾ ਹੈ ਕਿ ਆਮ ਦੁਨੀਆਂ ਕਰਤੇ ਨੂੰ ਭੁਲਾ ਕੇ ਕਿਰਤ ਨਾਲ ਜੁੜ ਜਾਂਦੀ ਹੈ।

**ਜਿਹ ਮੁਖ ਬੇਦੁ ਗਾਇਤ੍ਰੀ ਨਿਕਸੈ ਸੋ ਕਿਉ ਬ੍ਰਹਮਨੁ ਬਿਸਰੁ ਕਰੈ ॥**

**ਜਾ ਕੈ ਪਾਇ ਜਗਤੁ ਸਭੁ ਲਾਗੈ ਸੋ ਕਿਉ ਪੰਡਿਤੁ ਹਰਿ ਨ ਕਹੈ ॥੧॥**

**-- ਭਗਤ ਜੀ ਫੁਰਮਾਣ ਕਰਦੇ ਹਨ ਕਿ ਹੇ ਬ੍ਰਾਹਮਣ ! ਜਿਨ੍ਹਾਂ ਮੁਖਾਂ ਵਿਚੋਂ ਵੇਦ, ਗਾਇਤਰੀ ਆਦਿ ਧਰਮ ਗ੍ਰੰਥ ਉਚਾਰਣ ਕੀਤੇ ਗਏ ਹਨ, ਤੂੰ ਉਨ੍ਹਾਂ ਰੱਬੀ ਪੁਰਖਾਂ, ਮਹਾਤਮਾਵਾਂ ਨੂੰ ਕਿਉਂ ਭੁਲ ਗਿਆ ਹੈਂ ?**

ਭਾਵ, ਇਹ ਜਗਤ ਤੇਰੇ, ਪੁਜਾਰੀ ਵਰਗ, Priestly class ਕਰਕੇ, ਇਨ੍ਹਾਂ ਗ੍ਰੰਥਾਂ ਦੇ ਪਾਠ-ਪਠਣ ਅਤੇ ਅਧਿਐਨ ਆਦਿ ਵਿਚ ਹੀ ਰੁਝ ਗਿਆ ਹੈ ਅਤੇ ਉਨ੍ਹਾਂ ਮਹਾਤਮਾਵਾਂ ਦੇ ਨਾਲ ਨਾਲ ਉਨ੍ਹਾਂ ਦੇ ਅਸਲ ਮਨੋਰਥ ਨੂੰ ਭੁਲਾ ਦਿਤਾ ਹੈ, ਜੋ ਨਾਮ ਜਪ ਕੇ ਅਕਾਲ ਪੁਰਖ ਨਾਲ ਜੁੜਨਾ ਹੁੰਦਾ ਹੈ।

ਸ੍ਰੀ ਗੁਰੂ ਅਰਜਨ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਭਗਤ ਜਨ ਜੋ ਵੀ ਮੁਖ ਤੋਂ ਬੋਲਦੇ ਹਨ, ਉਹ ਲਫ਼ਜ਼ ਬਚਨ ਜਾਂ ਬਾਣੀ ਕਹਾਉਂਦੇ ਹਨ, ਅਤੇ ਉਹੀ ਧਰਮ ਗ੍ਰੰਥ ਬਣ ਜਾਂਦੇ ਹਨ। ਉਹ ਭਗਤ ਜੋ ਪਰਗਟ ਪਾਹਾਰੈ, ਭਾਵ, ਸਾਖ਼ਸ਼ਾਤ ਵੇਖਦੇ ਹਨ, ਅਨੁਭਵ ਕਰਦੇ ਹਨ, ਦੁਨੀਆਂ ਨੂੰ ਸੁਣਾਉਂਦੇ ਹਨ - 'ਨਾਨਕ ਵੀਚਾਰਹਿ ਸੰਤ ਮੁਨਿ ਜਨਾਂ ਚਾਰਿ ਵੇਦ ਕਹੰਦੇ॥ ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥ ਪਰਗਟ ਪਾਹਾਰੈ ਜਾਪਦੇ ਸਭਿ ਲੋਕ ਸੁਣੰਦੇ॥', ਪੰਨਾ ੩੧੯. ਅਜਿਹੇ ਭਗਤ ਜਨਾਂ ਦਾ ਲੜ ਫ਼ੜਨਾ ਜ਼ਰੂਰੀ ਹੈ।

ਭਗਤ ਕਬੀਰ ਜੀ ਦੇ ਬਚਨ ਹਨ, 'ਮੇਰੇ, ਅਜਿਹੇ ਭੁਲੇ ਤੇ ਰਾਹੋਂ ਭਟਕ ਚੁਕੇ ਲੋਕਾਂ ਨਾਲ ਵਖਰੇਵੇਂ ਹਨ, ਜਿਨ੍ਹਾਂ ਵਿਚੋਂ ਇਕ ਇਹ ਹੈ ਕਿ ਇਹ ਲੋਕ ਵੇਦ ਆਦਿ ਧਰਮ ਗ੍ਰੰਥਾਂ ਨੂੰ ਵਡਾ ਮੰਨਦੇ ਹਨ ਅਤੇ ਮੈਂ ਉਨ੍ਹਾਂ ਦੇ ਉਚਾਰਣ-ਕਰਤਾ ਮਹਾਤਮਾਵਾਂ ਨੂੰ। ਇਨ੍ਹਾਂ ਗ੍ਰੰਥਾਂ ਦੇ ਮਾਧਿਅਮ ਰਾਹੀਂ ਉਨ੍ਹਾਂ ਮਹਾਤਮਾਵਾਂ ਦੇ ਆਸ਼ੇ ਅਨੁਸਾਰ ਹੀ ਭਗਤੀ ਮਾਰਗ ਅਪਣਾ ਕੇ ਹੀ ਗਲ ਬਣ ਸਕਦੀ ਹੈ' - 'ਝਗਰਾ ਏਕੁ ਨਿਬੇਰਹੁ ਰਾਮ॥...ਬ੍ਰਹਮਾ ਬਡਾ ਕਿ ਜਾਸੁ ਉਪਾਇਆ।। ਬੇਦੁ ਬਡਾ ਕਿ ਜਹਾਂ ਤੇ ਆਇਆ॥ ਕਹਿ ਕਬੀਰ ਹਉ ਭਇਆ ਉਦਾਸੁ॥ ਤੀਰਥੁ ਬਡਾ ਕਿ ਹਰਿ ਕਾ ਦਾਸੁ॥', ਪੰਨਾ ੩੩੧.ਇਕ ਹੋਰ ਮਿਸਾਲ ਦਿੰਦੇ ਹਨ ਕਿ ਤੀਰਥ ਨਹੀਂ, ਬਲਕਿ ਤੀਰਥ ਨੂੰ ਬਣਾਉਣ ਵਾਲਾ ਹਰੀ ਦਾ ਦਾਸ,

ਭਗਤ ਹੀ ਵਡਾ ਹੈ। ਕਿਰਤ, ਕਰਤੇ ਤੋਂ ਕਿਵੇਂ ਵਡੀ ਹੋ ਸਕਦੀ ਹੈ? ਸੋ ਧਰਮ ਗ੍ਰੰਥ ਦਾ ਰਚਨਹਾਰ ਮਹਾਤਮਾ ਹੀ ਆਪਣੀ ਰਚਨਾ ਤੋਂ ਵਡਾ ਹੈ। ਇਸ ਲਈ ਨਿਰਾ ਧਰਮ ਗ੍ਰੰਥਾਂ ਵਲ ਹੀ ਨਹੀਂ, ਉਨ੍ਹਾਂ ਦੇ ਰਚਨਹਾਰ ਸੰਤਾਂ ਮਹਾਤਮਾਵਾਂ ਦੇ ਅਮਲੀ ਜੀਵਨ ਵਲ ਵੇਖ ਕੇ ਨਾਮ ਜਪਣ ਦੀ ਸਿਖਿਆ ਲੈਣੀ ਬਣਦੀ ਹੈ।

**-- ਜਿਸ ਅਕਾਲ ਪੁਰਖ ਦੇ ਚਰਨਾਂ ਨਾਲ ਸਾਰਾ ਜਗਤ ਜੁੜਨਾ ਲੋਚਦਾ ਹੈ, ਹੇ ਬ੍ਰਾਹਮਣ ! ਤੂੰ ਉਸ ਰਾਮ ਪ੍ਰਭੂ ਦਾ ਸਿਮਰਨ, ਹਰਿ ਹਰਿ.. ਜਾਪ ਕਿਉਂ ਨਹੀਂ ਕਰਦਾ।੧।**

ਇਕ ਥਾਂ ਹੋਰ, ਪੁਜਾਰੀ ਵਰਗ ਨੂੰ ਸਮਝਾਇਆ ਹੈ ਕਿ ਨਾਮ ਜਪੇ ਬਿਨਾਂ, ਇਕੱਲਾ ਧਰਮ ਗ੍ਰੰਥ ਪੜ੍ਹਿਆ ਇੰਞ ਹੈ ਜਿਵੇਂ ਚੰਦਨ ਦੀ ਕੀਮਤ ਤੋਂ ਅਣਜਾਣ ਖੋਤੇ ਨੇ ਚੰਦਨ ਲਦਿਆ ਹੋਵੇ, ਕਿਉਂਕਿ ਉਸ ਧਰਮ ਗ੍ਰੰਥ ਵਿਚ ਪਈ ਕੀਮਤੀ ਵਸਤ, ਨਾਮ ਸਿਮਰਨ ਦੇ ਉਪਦੇਸ਼ ਦਾ ਪਤਾ ਨਾ ਲਗਣ ਕਰਕੇ, ਧਰਮ ਗ੍ਰੰਥ ਦਾ ਪਾਠ, ਪੂਰਾ ਕੰਮ ਨਾ ਕਰ ਸਕਿਆ ਤੇ ਧਰਮ ਗ੍ਰੰਥ ਨਿਰਾ ਬੋਝਾ ਬਣ ਗਿਆ। **ਪ੍ਰਭੂ ਦੇ ਸਿਮਰਨ ਦੀ ਮਹਿਮਾ ਜਾਣੀ ਨਹੀਂ**, ਸਿਮਰਨ ਕੀਤਾ ਨਹੀਂ ਤਾਂ ਭਵਸਾਗਰ ਕਿਵੇਂ ਤਰਿਆ ਜਾਏਗਾ - 'ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ॥ ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ॥', ਪੰਨਾ ੧੧੦੨. ਅਗੋਂ ਸਪੱਸ਼ਟ ਕਰ ਦਿਤਾ ਹੈ ਕਿ ਇਸੇ ਲਈ ਨਾਰਦ, ਬਿਆਸ ਅਤੇ ਸੁਕਦੇਵ ਰਿਖੀਆਂ ਨੇ ਵੀ ਇਹੀ ਉਪਦੇਸ਼ ਦਿਤਾ ਹੈ ਕਿ ਰਾਮ ਦੇ ਸਿਮਰਨ ਵਿਚ ਖੁਭ ਜਾਓ, ਨਹੀਂ ਤਾਂ ਭਵਸਾਗਰ ਵਿਚ ਡੁਬੇ ਸਮਝੋ - 'ਨਾਰਦ ਬਚਨ ਬਿਆਸੁ ਕਹਤ ਹੈ ਸੁਕ ਕਉ ਪੂਛਹੁ ਜਾਈ॥ ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ॥'

ਭਗਤ ਨਾਮਦੇਵ ਜੀ ਸਪਸ਼ਟ ਕਰਦੇ ਹਨ ਕਿ ਜੋ ਰਾਮ ਰਾਮ ਕਹਿੰਦੇ ਹਨ, ਸਿਮਰਦੇ ਹਨ, ਉਹ ਉਨ੍ਹਾਂ ਤੋਂ ਬਲਿਹਾਰ ਬਲਿਹਾਰ ਜਾਂਦੇ ਹਨ - 'ਹਉ ਬਲਿ ਬਲਿ ਜਿਨ ਰਾਮ ਕਹੇ॥', ਪੰਨਾ ੩੪੫. ਪਰ ਜੋ ਰਾਮ ਦੇ ਨਾਮ ਦਾ ਭਜਨ ਨਹੀਂ ਕਰਦੇ, ਨਹੀਂ ਜਪਦੇ, ਭਗਤ ਜੀ ਉਨ੍ਹਾਂ ਦੇ ਤਾਂ ਦਰਸ਼ਨ ਵੀ ਨਹੀਂ ਕਰਨਾ ਚਾਹੁੰਦੇ - 'ਜੋ ਨ ਭਜੰਤੇ ਨਾਰਾਇਣਾ॥ ਤਿਨ ਕਾ ਮੈ ਨ ਕਰਉ ਦਰਸਨਾ॥', ਪੰਨਾ ੧੧੬੩. ਉਹ ਗੁਰਸਿਖ ਧੰਨ ਹਨ ਜੋ **ਵਾਹਗੁਰੂ ਵਾਹਗੁਰੂ...** ਦਾ ਸਿਮਰਨ ਕਰਦੇ ਹਨ। ਜੋ ਸਿਖ ਅਖਵਾ ਕੇ ਵੀ **ਵਾਹਿਗੁਰੂ ਵਾਹਿਗੁਰੂ...** ਨਹੀਂ ਜਪਦੇ ਉਨ੍ਹਾਂ ਦੇ ਦਰਸ਼ਨ ਵੀ ਸਵੱਲੇ ਨਹੀਂ। ਸ਼ੇਖ਼ ਫ਼ਰੀਦ ਜੀ ਦੇ ਬਚਨ ਹਨ ਕਿ ਜੋ ਨਾਮ ਨਹੀਂ ਜਪਦੇ, ਉਨ੍ਹਾਂ ਦੇ ਤਾਂ ਮੁਖ ਹੀ ਡਰਾਉਣੇ ਹਨ - 'ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ॥', ਪੰਨਾ ੧੩੮੩.

ਕਾਹੇ ਮੇਰੇ ਬਾਮ੍ਹਨ ਹਰਿ ਨ ਕਹਹਿ ॥

ਰਾਮੁ ਨ ਬੋਲਹਿ ਪਾਡੇ ਦੋਜਕੁ ਭਰਹਿ ॥੧॥ ਰਹਾਉ ॥

**-- ਭਗਤ ਜੀ ਉਪਦੇਸ਼ ਦਿੰਦੇ ਹਨ ਕਿ ਜਿਨ੍ਹਾਂ ਮਹਾਂਪੁਰਖਾਂ ਦੇ ਚਰਨਾਂ ਨਾਲ ਲਗ ਕੇ, ਉਨ੍ਹਾਂ ਦਾ ਉਪਦੇਸ਼ ਕਮਾ ਕੇ ਦੁਨੀਆਂ ਦਾ ਉਧਾਰ ਹੁੰਦਾ ਰਿਹਾ ਹੈ, ਹੇ ਪੰਡਤ ! ਤੂੰ ਵੀ ਉਨ੍ਹਾਂ ਦੇ ਹੀ ਉਪਦੇਸ਼ ਦੀ ਕਮਾਈ, ਭਾਵ, ਹਰੀ ਦਾ ਸਿਮਰਣ ਕਿਉਂ**

ਨਹੀਂ ਕਰਦਾ ?

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਵੀ ਇਸੇ ਤਰ੍ਹਾਂ ਨਾਮ ਸਿਮਰਨ ਕਰਨ ਦਾ ਉਪਦੇਸ਼ ਦਿੰਦਿਆਂ ਖ਼ਬਰਦਾਰ ਕੀਤਾ ਹੈ ਕਿ 'ਮਨੁਖਾ ਜਨਮ, ਫ਼ਾਲਤੂ ਦੇ ਕੰਮਾਂ ਵਿਚ ਅਜਾਈਂ ਜਾ ਰਿਹਾ ਹੈ। ਰੋਜ਼, ਦਿਨ ਰਾਤ ਤੂੰ ਧਰਮ ਗ੍ਰੰਥਾਂ ਦੇ ਪਾਠ ਤਾਂ ਕਰਦਾ ਸੁਣਦਾ ਹੈਂ, ਤਾਂ ਵੀ ਤੈਨੂੰ, ਨਾਸਮਝ ਨੂੰ ਸਮਝ ਨਹੀਂ ਪੈਂਦੀ। ਹੇ ਮੂਰਖ ਅਤੇ ਨਿਰਲੱਜ ! ਤੂੰ ਹਰੀ ਪ੍ਰਭੂ ਦਾ ਨਾਮ ਕਿਉਂ ਨਹੀਂ ਜਪਦਾ, ਫ਼ਿਰ ਤੇਰਾ ਧਰਮ ਗ੍ਰੰਥਾਂ ਦੇ ਪਾਠ ਕੀਤੇ ਦਾ ਕੀ ਫ਼ਾਇਦਾ' - 'ਬੀਤ ਜੈ ਹੈ ਬੀਤ ਜੈ ਹੈ ਜਨਮੁ ਅਕਾਜੁ ਰੇ॥ ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ॥...ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ॥', ਪੰਨਾ ੧੩੫੩. ਧਰਮ ਗ੍ਰੰਥਾਂ ਦੇ ਪਾਠ ਕੀਤੇ ਦਾ ਤਾਂ ਹੀ ਭਰਪੂਰ ਲਾਭ ਹੈ ਜੇ ਉਨ੍ਹਾਂ ਤੋਂ ਸਿਖਿਆ ਲੈ ਕੇ ਮਨੁਖ ਨਾਮ ਜਪੇ। ਕਿਉਂਕਿ ਧਰਮ ਗ੍ਰੰਥਾਂ ਵਿਚ ਤਾਂ ਨਾਮ ਜਪਣ ਦੀ ਸਿਖਿਆ ਭਰਪੂਰ ਹੈ, ਜਿਵੇਂ ਸ੍ਰੀ ਗੁਰੂ ਅਮਰਦਾਸ ਸਾਹਿਬ ਵੀ ਆਪਣੀ ਸ਼ਾਹਕਾਰ ਰਚਨਾ '**ਅਨੰਦ ਸਾਹਿਬ**' ਵਿਚ ਖ਼ਬਰਦਾਰ ਕਰ ਰਹੇ ਹਨ ਕਿ ਧਰਮ ਗ੍ਰੰਥਾਂ ਵਿਚੋਂ ਨਾਮ ਜਪਣ ਦੀ ਸਿਖਿਆ ਤੇ ਅਮਲ ਨਾ ਕਰਣ ਵਾਲਾ ਮਨੁਖ ਭੂਤਨਾ-ਬੇਤਾਲਾ ਹੈ - 'ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥', ਪੰਨਾ ੯੧੯.

ਭਗਤ ਪਰਮਾਨੰਦ ਜੀ ਵੀ ਸਾਵਧਾਨ ਕਰਦੇ ਹਨ ਕਿ ਧਰਮ ਗੰਥਾਂ ਦਾ ਪਾਠ ਕਰ ਸੁਣ ਕੇ ਕੀ ਕਮਾਇਆ ਜੇ ਅਮਰਤਾ ਪ੍ਰਦਾਨ ਕਰਨ ਵਾਲਾ ਨਾਮ ਨਹੀਂ ਜਪਿਆ, ਹਿਰਦੇ ਵਿਚ ਭਗਤੀ ਪੈਦਾ ਨਹੀਂ ਹੋਈ ਅਤੇ ਭੁਖੇ ਨੂੰ ਦਾਨ ਨ ਦਿਤਾ, ਆਦਿ, ਗੁਣ ਧਾਰਣ ਨਾ ਕੀਤੇ - 'ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥ ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ॥', ਪੰਨਾ ੧੨੫੩.

-- **ਇਸ ਤਰ੍ਹਾਂ 'ਰਾਮੁ' ਨਾਮ ਦਾ ਸਿਮਰਨ ਨਾ ਕਰਨ ਕਰਕੇ ਐਵੇਂ ਦੋਜ਼ਕ ਹੀ ਜਾਏਂਗਾ। ਬ੍ਰਾਹਮਣ ਤੇ ਵਿਅੰਗ ਕਸਦੇ ਹਨ ਕਿ ਉਥੇ ਤੇਰੇ ਵਰਗੇ ਹੋਰ ਕਈ ਬੈਠੇ ਹਨ, ਇਸ ਲਈ, ਉਥੇ ਜਾ ਕੇ, ਤੂੰ ਤਾਂ ਉਹ ਥਾਂ ਵੀ ਭਰ ਦਏਂਗਾ, ਭਾਵ, ਜਿਨ੍ਹਾਂ ਨੂੰ ਤੂੰ ਪੁਠੇ ਉਪਦੇਸ਼ ਕਰ ਕੇ ਕੁਰਾਹੇ ਪਾਉਂਦਾ ਹੈ, ਉਹ ਸਾਰੇ ਵੀ ਉਥੇ ਹੀ ਜਾਣਗੇ।੧।ਰਹਾਉ।**

ਇਥੇ ਪੰਡਤ ਤੇ ਦੋਹਰਾ ਹਮਲਾ ਹੈ, ਉਸ ਲਈ 'ਨਰਕ' ਸ਼ਬਦ ਨਾ ਵਰਤ ਕੇ ਇਸਲਾਮੀ ਸ਼ਬਦ 'ਦੋਜ਼ਖ਼' ਵਰਤਿਆ ਹੈ। ਜੋ ਮਰਜ਼ੀ ਕਰਮ ਕਮਾਏ ਜਾਣ, ਜਿਤਨੇ ਮਰਜ਼ੀ ਧਰਮ ਗ੍ਰੰਥ ਪੜ, ਵੀਚਾਰ ਲਏ ਜਾਣ, ਪਾਰਬ੍ਰਹਮ ਦੇ ਨਾਮ ਦਾ ਰੰਗ ਲਗੇ ਬਿਨਾਂ ਜ਼ਰੂਰ ਨਰਕ ਹੀ ਜਾਣਾ ਪੈਣਾ ਹੈ - 'ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ॥..ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ॥', ਪੰਨਾ ੭੦. ਪੰਚਮ ਪਾਤਸ਼ਾਹ ਦਾ ਸਪੱਸ਼ਟ ਫ਼ੁਰਮਾਣ ਹੈ ਕਿ ਕ੍ਰੋੜਾਂ ਚੰਗੇ ਕਰਮ ਕਰਨ ਦੇ ਬਾਵਜੂਦ, ਨਾਮ ਜਪੇ ਬਿਨਾਂ ਜਮ ਪੁਰੀ, ਨਰਕ ਜਾਣਾ ਹੀ ਪਏਗਾ - 'ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ॥ ਕੋਟਿ ਕਰਮ ਕਰਤੋ ਨਰਕਿ ਜਾਵੈ॥ ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ॥ ਚੋਰ ਕੀ ਨਿਆਈ ਜਮਪੁਰਿ ਬਾਧਾ॥', ਪੰਨਾ ੨੪੦. ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਵਲੋਂ ਉਪਦੇਸ਼ ਕਰਦੇ ਹਨ ਕਿ ਜੋ ਮਨੁਖ ਹਰੀ ਦਾ ਸਿਮਰਨ ਵਰਗਾ ਹੀਰਾ ਛਡ ਕੇ, ਫ਼ਾਲਤੂ ਦੀਆਂ ਕਾਮਨਾਵਾਂ ਕਰਦੇ ਹਨ, ਰਵਿਦਾਸ ਭਗਤ ਜੀ ਸਹੀ ਕਹਿੰਦੇ ਹਨ ਕਿ

ਉਹ ਦੋਜ਼ਕ, ਭਾਵ, ਨਰਕਾਂ ਨੂੰ ਹੀ ਜਾਣਗੇ - 'ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥ ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥', ਪੰਨਾ ੧੩੭੭.

ਸ੍ਰੀ ਗੁਰੂ ਰਾਮਦਾਸ ਤਾਂ ਸਿਆਣੇ ਪੰਡਿਤ ਨੂੰ ਪਵਿਤਰ ਗ੍ਰੰਥਾਂ ਦਾ ਪਾਠੀ, ਵਿਦਵਾਨ ਦਸਦੇ ਹਨ, ਜੋਗੀ ਨੇ ਗੋਰਖਨਾਥ ਦਾ ਸਿਮਰਨ ਕੀਤਾ ਦਸਿਆ ਹੈ ਪਰ ਮਹਾਰਾਜ ਬਚਨ ਕਰਦੇ ਹਨ ਕਿ ਇਨ੍ਹਾਂ ਲੋਕਾਂ ਦੇ ਭਾਅ ਦਾ ਮੈਂ ਮੂਰਖ, ਮੈਂ ਤਾਂ ਸਿਰਫ਼ 'ਹਰਿ ਹਰਿ', ਭਾਵ, **ਵਾਹਿਗੁਰੂ ਵਾਹਿਗੁਰੂ...** ਹੀ ਜਪਿਆ ਹੈ, ਤੇ ਇਹੀ ਪੜਿਆ ਹੈ। ਸੋ ਸਿਖ ਨੂੰ ਵੀ ਚੌਥੇ ਪਾਤਸ਼ਾਹ ਦੇ ਆਖੇ ਲਗ ਕੇ ਖ਼ੂਬ **ਵਾਹਗੁਰੂ ਵਾਹਗੁਰੂ...** ਦਾ ਜਾਪ ਕਰਨਾ ਚਾਹੀਦਾ ਹੈ - '**ਪੰਡਿਤੁ ਸਾਸਤ ਸਿਮ੍ਰਿਤਿ ਪੜਿਆ॥ ਜੋਗੀ ਗੋਰਖੁ ਗੋਰਖੁ ਕਰਿਆ॥ ਮੈ ਮੂਰਖ ਹਰਿ ਹਰਿ ਜਪੁ ਪੜਿਆ॥**', ਪੰਨਾ ੧੬੩. ਉਹ ਸਿਆਣੇ ਪੰਡਿਤ ਹਨ ਜੋ **ਵਾਹਗੁਰੂ ਵਾਹਗੁਰੂ..** ਦੇ ਜਾਪ ਨੂੰ ਤੋਤਿਆਂ ਦਾ ਰਟਨ ਦਸਦੇ ਹਨ ਤੇ ਫ਼ਲਸਫ਼ੇ ਝਾੜਦੇ ਹਨ। ਧ੍ਰੂ, ਪ੍ਰਹਿਲਾਦ ੫-੫ ਸਾਲ ਦੇ ਬਾਲਕ, ਕਿਹੜਾ ਕੋਈ ਫ਼ਲਸਫ਼ੇ ਜਾਣਦੇ ਸਨ। ਬਸ ਰਾਮ ਰਾਮ ਹੀ ਜਪਿਆ। ਗਨਿਕਾ ਵਰਗੀ ਦਾ ਵੀ ਤੋਤੇ ਨੂੰ ਹੀ ਰਾਮ ਰਾਮ ਕਰਾਉਂਦੀ ਦਾ ਪਾਰ ਉਤਾਰਾ ਹੋ ਗਿਆ। 'ਰੇ ਮਨ ਮੇਰੇ ਤੂ ਤਾ ਕਉ ਜਾਪਿ॥', ਪੰਨਾ ੯੮੭.

**ਆਪਨ ਊਚ ਨੀਚ ਘਰਿ ਭੋਜਨੁ ਹਠੇ ਕਰਮ ਕਰਿ ਉਦਰੁ ਭਰਹਿ ॥**

**ਚਉਦਸ ਅਮਾਵਸ ਰਚਿ ਰਚਿ ਮਾਂਗਹਿ ਕਰ ਦੀਪਕੁ ਲੈ ਕੂਪਿ ਪਰਹਿ ॥੨॥**

**-- ਆਪਣੇ ਆਪ ਨੂੰ ਤੂੰ ਉਚੀ ਜਾਤਿ ਦਾ ਦਸਦਾ ਹੈਂ ਅਤੇ ਲਾਲਚ ਵਸ ਤੂੰ ਉਨ੍ਹਾਂ ਦੇ ਘਰ ਦਾ ਭੋਜਨ ਖਾ ਰਿਹਾ ਹੈਂ, ਜਿਨ੍ਹਾਂ ਨੂੰ ਤੂੰ ਨੀਵੀਂ ਜਾਤਿ ਦਾ ਦਸਦਾ ਹੈਂ, ਫ਼ਿਰ ਤੇਰੀ ਜਾਤਿ ਉਚੀ ਕਿਵੇਂ ਰਹਿ ਗਈ। ਬੇਕਾਰ ਦੇ ਹਠ ਕਰਮ ਕਰ ਕੇ ਦਿਖਾਵਾ ਕਰ ਕੇ ਤੂੰ ਆਪਣਾ ਢਿਡ ਭਰ ਰਿਹਾ ਹੈਂ।**

ਸ੍ਰੀ ਗੁਰੂ ਨਾਨਕ ਸਾਹਿਬ ਨੇ ਸਿਧਾਂ ਨੂੰ ਕਿਹਾ ਕਿ ਇਕ ਪਾਸੇ ਤਾਂ ਤੁਸੀਂ ਗ੍ਰਿਹਸਤ ਦੇ ਤਿਆਗੀ ਹੋ, ਦੂਜੇ ਪਾਸੇ, ਉਨ੍ਹਾਂ ਤੋਂ ਹੀ ਮੰਗ ਕੇ ਖਾਂਦੇ ਹੋ - 'ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣਿ ਜਾਈ॥' ਭਾਈ ਗੁਰਦਾਸ, ਵਾਰ ੧:੪੦.

ਪੰਡਤ, ਧਰਮ ਗ੍ਰੰਥਾਂ ਦੇ ਪਾਠ, ਉਨ੍ਹਾਂ ਦੇ ਆਪਣੀ ਮਰਜ਼ੀ ਦੇ ਅਰਥ ਕਢਣ, ਉਨ੍ਹਾਂ ਰਾਹੀਂ ਪੈਸਾ ਵਢਣ ਅਤੇ ਆਪਣੀ ਸਰਦਾਰੀ ਕਾਇਮ ਰਖਣ ਦੇ ਕੰਮ ਕਰਦਾ ਸੀ। 'ਧਰਮ' ਤੇ ਅਤੇ ਗ੍ਰੰਥਾਂ ਤੇ ਉਸਦਾ ਪੂਰਾ ਕਬਜ਼ਾ ਸੀ। ਜਾਤ ਪਾਤ, ਊਚ ਨੀਚ, ਛੂਆ-ਛਾਤ ਦਾ ਬੋਲਬਾਲਾ ਕਰ ਰਖਿਆ ਸੀ। ਪਰ ਧਰਮ ਗ੍ਰੰਥਾਂ ਦੇ ਉਪਦੇਸ਼ ਅਨੁਸਾਰ ਸਿਮਰਣ ਦੀ ਕਮਾਈ ਅਤੇ ਗੁਣ ਧਾਰਣ ਨਹੀਂ ਸੀ ਕਰਦਾ, ਜਿਸ ਕਰ ਕੇ ਭਗਤ ਜੀ ਨੇ ਉਸ ਦਾ ਖੰਡਨ ਕੀਤਾ ਹੈ। **ਅਸਲ ਵਿਚ ਤਾਂ ਭਗਤ ਜੀ ਧਰਮ ਗ੍ਰੰਥਾਂ ਦੇ ਅਸਲ ਉਪਦੇਸ਼, ਪ੍ਰਭੂ ਦੇ ਸਿਮਰਨ ਨੂੰ ਧਾਰਣ ਕਰਨ ਦਾ ਹੀ ਉਪਦੇਸ਼ ਦੇ ਰਹੇ ਹਨ।**

**-- ਆਪਣੀ ਮਰਜ਼ੀ ਨਾਲ ਥਿਤਾਂ ਵਾਰਾਂ ਆਦਿ ਨੂੰ ਤੂੰ ਧਰਮ ਨਾਲ ਜੋੜ ਕੇ ਧਨ ਪਦਾਰਥ ਮੰਗਦਾ ਫ਼ਿਰਦਾ ਹੈਂ। ਚੰਨ ਦੇ ਵਧਣ ਅਤੇ ਘਟਣ ਦੇ ਚੌਦਾਂ ਚੌਦਾਂ ਦਿਨਾਂ ਨੂੰ ਤੂੰ ਧਰਮ ਨਾਲ ਜੋੜ ਕੇ, ਲੋਕਾਂ ਨੂੰ ਗੁਮਰਾਹ ਕਰ ਕੇ ਮਾਇਕ ਲਾਭ ਕਮਾ ਰਿਹਾ ਹੈਂ। ਹਥ ਵਿਚ ਧਰਮ ਪੁਸਤਕਾਂ ਰੂਪੀ ਗਿਆਨ ਦਾ ਦੀਵਾ ਫ਼ੜ ਕੇ ਵੀ ਤੂੰ ਅਗਿਆਨਤਾ ਦੇ**

**ਖੂਹ ਵਿਚ ਡਿਗ ਰਿਹਾ ਹੈਂ।**

ਧਰਮ ਗ੍ਰੰਥ ਗਿਆਨ ਦਾ ਦੀਵਾ, ਭਾਵ, ਗਿਆਨ ਦਾ ਸੋਮਾ ਹੁੰਦੇ ਹਨ। ਹਮੇਸ਼ਾਂ ਤੋਂ ਹੀ ਉਨ੍ਹਾਂ ਤੇ, ਹਰ ਧਰਮ ਦੀ ਬ੍ਰਾਹਮਣੀ ਜਮਾਤ, ਪੁਜਾਰੀ ਵਰਗ (Priestly class) ਦਾ ਕਬਜ਼ਾ ਰਿਹਾ ਹੈ। ਲੋਕਾਂ ਨੂੰ ਪ੍ਰਭੂ ਦੀ ਬੰਦਗੀ ਦਾ ਅਸਲ ਰਾਹ ਨਾ ਦਸ ਕੇ, ਉਹ, ਕੁਦਰਤੀ ਘਟਨਾਵਾਂ ਨੂੰ ਧਰਮ ਨਾਲ ਜੋੜਦਾ ਰਿਹਾ ਹੈ, ਲੋਕਾਂ ਦੇ ਅੰਦਰ ਡਰ ਪੈਦਾ ਕਰ ਕੇ ਧਨ ਬਟੋਰਨ ਦਾ ਆਪਣਾ ਉਲੂ ਸਿਧਾ ਕਰਦਾ ਰਿਹਾ ਹੈ। ਗੁਰਮਤਿ ਅਨੁਸਾਰ ਪੂਰਨਮਾਸ਼ੀ, ਮਸਿਆ ਸੰਗਰਾਂਦ, ਪੰਚਮੀ ਆਦਿ ਦਿਨ ਦਿਹਾਰ, ਥਿਤੀਆਂ, ਵਾਰ, ਆਦਿ ਸਿਰਫ਼, ਕੁਦਰਤ ਵਿਚ ਵਾਪਰ ਰਹੀਆਂ, ਵਕਤੀ, ਭੂਗੋਲਿਕ ਤਬਦੀਲੀਆਂ ਹੀ ਹਨ, ਇਨ੍ਹਾਂ ਦਾ ਧਰਮ ਨਾਲ ਕੋਈ ਸੰਬੰਧ ਨਹੀਂ। ਇਨ੍ਹਾਂ ਪੰਡਿਤਾਂ, ਧਰਮ ਦੇ ਠੇਕੇਦਾਰਾਂ ਜਾਂ ਪੁਜਾਰੀ ਵਰਗ ਦੇ ਪਿਛੇ ਲਗ ਕੇ ਇਨ੍ਹਾਂ ਨੂੰ ਮੰਨਣਾ ਜਾਂ ਇਨ੍ਹਾਂ ਦੀ ਪੂਜਾ ਕਰਨੀ ਜਾਂ ਇਨ੍ਹਾਂ ਨਾਲ ਜੁੜੇ ਵਹਿਮਾਂ ਵਿਚ ਫ਼ਸਣਾ, ਮੂਰਖਾਂ ਅਤੇ ਗਵਾਰਾਂ ਦਾ ਕੰਮ ਹੈ, ਅਗਿਆਨਤਾ ਹੈ, ਇਹੀ ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਹੁਕਮ ਹੈ - 'ਸਤਿਗੁਰ ਬਾਝਹੁ ਅੰਧੁ ਗੁਬਾਰੁ॥ ਥਿਤੀ ਵਾਰ ਸੇਵਹਿ ਮੁਗਧ ਗਵਾਰ॥', ਪੰਨਾ ੮੪੩. ਪੰਚਮ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਸਿਰਫ਼ ਉਹੀ ਸਮਾਂ, ਮਹੂਰਤ, ਘੜੀ, ਵੇਲਾ ਧੰਨ ਹੈ ਜਦੋਂ 'ਹਰਿ ਹਰੀ', **ਵਾਹਿਗੁਰੂ ਵਾਹਿਗੁਰੂ...** ਜਪਿਆ ਜਾਏ ਅਤੇ ਸੰਤ, ਭਗਤ ਦੇ ਚਰਨਾਂ ਤੇ ਮਥਾ ਰਖ ਕੇ ਨਮਸਕਾਰ ਕੀਤੀ ਜਾਏ - 'ਸਫਲ ਮੂਰਤੁ ਸਫਲ ਓਹ ਘਰੀ॥ ਜਿਤੁ ਰਸਨਾ ਉਚਰੈ ਹਰਿ ਹਰੀ॥ ਸਫਲੁ ਓਹੁ ਮਾਥਾ ਸੰਤ ਨਮਸਕਾਰਸਿ॥ ਚਰਣ ਪੁਨੀਤ ਚਲਹਿ ਹਰਿ ਮਾਰਗਿ॥', ਪੰਨਾ ੧੯੧.

**ਤੂੰ ਬ੍ਰਹਮਨੁ ਮੈ ਕਾਸੀਕ ਜੁਲਹਾ ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ ॥**

**ਹਮਰੇ ਰਾਮ ਨਾਮ ਕਹਿ ਉਬਰੇ ਬੇਦ ਭਰੋਸੇ ਪਾਂਡੇ ਡੂਬਿ ਮਰਹਿ ॥੩॥੫॥**

-- ਹੇ ਪੰਡਤ ! ਤੂੰ ਹੋਇਓਂ ਉਚੀ ਜਾਤ ਵਾਲਾ ਬ੍ਰਾਹਮਣ ਅਤੇ ਮੈਂ ਕਾਸ਼ੀ ਦਾ, ਵਿਚਾਰਾ ਨੀਵੀਂ ਜਾਤ ਦਾ ਜੁਲਾਹਾ। ਤੇਰੀਆਂ ਨਜ਼ਰਾਂ ਵਿਚ ਤੇਰੀ ਮੇਰੀ ਕੋਈ ਬਰਾਬਰੀ ਨਾ ਹੋਣ ਕਰਕੇ ਮੇਰੇ ਦਿਤੇ ਉਪਦੇਸ਼ ਤੇ ਤਾਂ ਤੂੰ ਕੰਨ ਨਹੀਂ ਧਰਦਾ।

ਭਗਤ ਨਾਮਦੇਵ ਜੀ ਨੂੰ ਵੀ ਨੀਚ ਜਾਤਿ ਦਾ ਮੰਨ ਕੇ, ਬ੍ਰਾਹਮਣੀ ਸਮਾਜ ਵਲੋਂ ਅਛੂਤ ਹੀ ਮੰਨਿਆਂ ਜਾਂਦਾ ਰਿਹਾ ਤੇ ਮੰਦਰ ਵਿਚੋਂ ਧਕੇ ਪਏ - 'ਹਸਤ ਖੇਲਤ ਤੇਰੇ ਦੇਹੁਰੇ ਆਇਆ॥ ਭਗਤਿ ਕਰਤ ਨਾਮਾ ਪਕਰਿ ਉਠਾਇਆ॥ ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥ ਛੀਪੇ ਕੇ ਜਨਮਿ ਕਾਹੇ ਕਉ ਆਇਆ॥', ਪੰਨਾ ੧੧੬੪. ਭਗਤ ਰਵਿਦਾਸ ਜੀ ਵੀ ਇਹੀ ਦਸਦੇ ਹਨ ਕਿ ਪੰਡਿਤ ਵਰਗ ਉਨ੍ਹਾਂ ਨੂੰ ਅਛੂਤ ਕਹਿ ਕੇ ਉਨ੍ਹਾਂ ਨੂੰ ਮਾੜਾ ਦਸਦਾ ਹੈ - 'ਏ ਪੰਡੀਆ ਮੋ ਕਉ ਢੇਢ ਕਹਤ...', ਪੰਨਾ ੧੨੯੨. ਹੇ ਨਾਮ ਵਿਹੂਣੇ ਪੰਡਤ ! ਤੇਰੀ ਸਾਡੀ ਬਰਾਬਰੀ ਨਹੀਂ, ਤੈਨੂੰ ਤਾਂ ਪ੍ਰਭੂ ਨੇ ਪਿਠ ਹੀ ਦਿਖਾਈ, ਸਾਨੂੰ ਭਗਤਾਂ ਨੂੰ, ਸਿਮਰਨ ਕਰਨ ਵਾਲਿਆਂ ਨੂੰ ਗਲ ਨਾਲ ਲਾਇਆ - 'ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ॥', ਪੰਨਾ ੧੨੯੨.

**-- ਪਰ ਮੈਂ ਫ਼ਿਰ ਵੀ ਤੈਨੂੰ ਖ਼ਬਰਦਾਰ ਕਰ ਰਿਹਾ ਹਾਂ ਕਿ ਸਾਡੇ ਵਿਚ,**

**ਭਾਵ, ਅਸੀਂ ਭਗਤ ਤਾਂ ਰਾਮ ਨਾਮ ਦਾ ਜਾਪ, ਸਿਮਰਣ ਕਰਕੇ ਸੰਸਾਰ ਸਾਗਰ ਤੋਂ ਪਾਰ ਹੋ ਗਏ ਪਰ ਤੂੰ ਤਾਂ ਸਿਰਫ਼ ਧਰਮ ਗ੍ਰੰਥਾਂ ਦੇ ਭਰੋਸੇ ਰਹਿਣ ਕਰਕੇ ਡੁਬ ਮਰਿਓਂ।**

ਭਾਵ, ਬਿਨਾਂ ਸਿਮਰਨ ਦੀ ਕਮਾਈ ਕੀਤਿਆਂ, ਸਿਰਫ਼ ਗ੍ਰੰਥਾਂ ਨੂੰ ਹੀ ਰੱਬ ਸਮਝ ਲੈਣ ਨਾਲ, ਸਿਰਫ਼ ਉਨ੍ਹਾਂ ਦਾ ਪਾਠ ਤੇ ਸਿਧਾਂਤਾਂ ਦੇ ਹੀ ਮਗਰ ਜਾਣ ਜਾਂ ਮਾਹਿਰ ਹੋਣ ਨਾਲ, ਪਾਰ ਨਹੀਂ ਹੋ ਸਕੀਦਾ। ਜਿਸ ਨੇ ਵੀ ਗੁਰ ਮੰਤਰ ਦੀ ਕਮਾਈ ਕਰ ਲਈ, ਉਹ ਭਾਵੇਂ ਪੜ੍ਹਿਆ ਲਿਖਿਆ ਹੋਵੇ ਜਾਂ ਅਨਪੜ੍ਹ, ਪਾਰ ਹੋ ਜਾਂਦਾ ਹੈ, ਜਿਵੇਂ ੧੯੭ ਪੰਨੇ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਣ ਹੈ - 'ਜੋ ਪ੍ਰਾਣੀ  ਗੋਵਿੰਦੁ ਧਿਆਵੈ॥ ਪੜਿਆ ਅਣਪੜਿਆ  ਪਰਮ ਗਤਿ ਪਾਵੈ॥' ਹੋਰ ਬਚਨ ਕਰਦੇ ਹਨ ਕਿ ਸਮੂਹ ਵੇਦਾਂ, ਪਛਮੀ ਧਰਮ ਗ੍ਰੰਥਾਂ, ਸਿਮ੍ਰਿਤੀਆਂ, ਸਾਰੇ ਸ਼ਾਸਤ੍ਰ ਆਦਿ ਹੋਰ ਵੀ ਧਰਮ ਗ੍ਰੰਥਾਂ ਦੇ ਨਿਰੇ ਪਾਠ ਪੜ੍ਹਿਆਂ ਮੁਕਤੀ ਪ੍ਰਾਪਤ ਨਹੀਂ ਹੋਣੀ, ਸਗੋਂ ਗੁਰੂ ਦੇ ਗੁਰਦੀਖਿਆ ਵਿਚ ਦਿਤੇ 'ਏਕੁ ਅਖਰੁ' ਗੁਰਮੰਤਰ ਦਾ, ਗੁਰੂ ਅਨੁਸਾਰੀ ਹੋ ਕੇ, ਕੀਤੇ ਜਾਪ, ਸਿਮਰਨ ਨਾਲ ਹੀ ਲੋਕ ਪਰਲੋਕ ਵਿਚ ਨਿਰਮਲ ਸੋਭਾ ਬਣਨੀ ਹੈ - '**ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ  ਇਨ੍ ਪੜਿਆ  ਮੁਕਤਿ ਨ ਹੋਈ॥ ਏਕੁ ਅਖਰੁ  ਜੋ ਗੁਰਮੁਖਿ ਜਾਪੈ  ਤਿਸ ਕੀ ਨਿਰਮਲ ਸੋਈ॥**', ਪੰਨਾ ੭੪੭. ਭਗਤ ਜੀ ਨੇ ਪੁਜਾਰੀ ਵਰਗ ਤੇ ਕਟਾਖ ਕਸਦਿਆਂ ਬਚਨ ਕੀਤੇ ਹਨ ਕਿ ਉਹ ਤਾਂ ਸਾਡਾ ਹੀ ਕਤਿਆ ਹੋਇਆ ਸੂਤ, ਜਨੇਊ ਆਪਣੇ ਗਲੇ ਵਿਚ ਪਾਉਂਦੇ ਹਨ, ਵੇਦ ਆਦਿ ਧਰਮ ਗ੍ਰੰਥਾਂ ਦੇ ਅਤੇ ਗਾਇਤ੍ਰੀ ਦੇ ਪਾਠਾਂ ਨੂੰ ਪੜਦੇ, ਅਧਿਐਨ ਕਰਦੇ ਹਨ ਅਤੇ ਇਸੇ ਵਿਚ ਹੀ ਜ਼ਿੰਦਗੀ ਲੰਘਾ ਦਿੰਦੇ ਹਨ ਪਰ ਗੋਬਿੰਦ ਉਨ੍ਹਾਂ ਦੇ ਹਿਰਦੇ ਵਿਚ ਨਹੀਂ, ਭਗਤ ਜੀ ਦੇ ਹਿਰਦੇ ਵਿਚ ਵਸਿਆ ਹੈ, ਕਿਉਂਕਿ ਭਗਤ ਜੀ ਦੀ ਜੀਭ ਤੇ, ਨੈਣਾਂ ਅਤੇ ਹਿਰਦੇ ਵਿਚ ਸਦਾ ਪ੍ਰਭੂ ਦਾ ਸਿਮਰਨ, ਯਾਦ ਵਸੇ - 'ਹਮ ਘਰਿ ਸੂਤੁ ਤਨਹਿ ਨਿਤ ਤਾਨਾ  ਕੰਠਿ ਜਨੇਊ ਤੁਮਾਰੇ॥ ਤੁਮ੍ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ॥ ਮੇਰੀ ਜਿਹਬਾ ਬਿਸਨੁ  ਨੈਨ ਨਾਰਾਇਨ  ਹਿਰਦੈ ਬਸਹਿ ਗੋਬਿੰਦਾ॥', ਪੰਨਾ ੪੮੨. ਭਵਸਾਗਰ ਤਰਨ ਲਈ ਸਿਮਰਨ, ਭਜਨ, ਦਇਆ ਆਦਿ ਗੁਣ ਧਾਰਨੇ ਅਤੇ ਸੰਤ ਜਨਾਂ ਦੀ ਸੰਗਤਿ ਜ਼ਰੂਰੀ ਹਨ - 'ਸਿਮਰਨੁ ਭਜਨੁ ਦਇਆ ਨਹੀ ਕੀਨੀ  ਤਉ ਮੁਖਿ ਚੋਟਾ ਖਾਹਿਗਾ॥ ਧਰਮ ਰਾਇ ਜਬ ਲੇਖਾ ਮਾਗੈ  ਕਿਆ ਮੁਖੁ ਲੈ ਕੈ ਜਾਹਿਗਾ॥ ਕਹਤੁ ਕਬੀਰੁ  ਸੁਨਹੁ ਰੇ ਸੰਤਹੁ  ਸਾਧ ਸੰਗਤਿ ਤਰਿ ਜਾਹਿਗਾ॥', ਪੰਨਾ ੧੧੦੬. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਵੀ ਬਚਨ ਹਨ, ਭਾਵੇਂ ਸਮੂਹ ਧਰਮ ਗ੍ਰੰਥ ਪੜ੍ਹ ਕੇ ਵੇਖ ਲਉ, ਸਮੇਂ ਸਮੇਂ ਤੇ ਸਭ ਮਹਾਂਪੁਰਖਾਂ ਦੇ ਵੀ ਇਹੀ ਬਚਨ ਰਹੇ ਹਨ ਕਿ ਨਾਮ ਜਪਣ ਤੋਂ ਬਿਨਾਂ ਭਵਸਾਗਰ ਨਹੀਂ ਤਰਿਆ ਜਾਣਾ ਅਤੇ ਜਨਮ ਮਰਣ ਤੋਂ ਰਹਿਤ ਹੋਣ ਦਾ ਸੁਖ ਕਿਸੇ ਨੇ ਪ੍ਰਾਪਤ ਨਹੀਂ ਕੀਤਾ - 'ਸਾਸਤ ਸਿੰਮ੍ਰਿਤਿ ਬੇਦ ਬੀਚਾਰੇ ਮਹਾਪੁਰਖਨ ਇਉ ਕਹਿਆ॥ ਬਿਨੁ ਹਰਿ ਭਜਨ  ਨਾਹੀ ਨਿਸਤਾਰਾ  ਸੂਖੁ ਨ ਕਿਨਹੂੰ ਲਹਿਆ॥', ਪੰਨਾ ੨੧੫. ਗੁਰਬਾਣੀ ਵਿਚ ਵੀ ਵਾਰ ਵਾਰ ਇਹੀ ਉਪਦੇਸ਼ ਆਇਆ ਹੈ। ਜਨਮ ਮਰਣ ਦਾ ਦੁਖ ਸਿਰਫ਼ ਭਗਤ ਜਨਾਂ ਦੀ ਟਹਿਲ, ਸੇਵਾ ਅਤੇ ਨਾਮ ਜਪਣ ਨਾਲ ਹੀ ਕਟਿਆ ਜਾਂਦਾ ਹੈ, ਹੋਰ ਕੋਈ ਢੰਗ ਨਹੀਂ - '**ਭਗਤਨ ਕੀ ਟਹਲ ਕਮਾਵਤ ਗਾਵਤ  ਦੁਖ ਕਾਟੇ  ਤਾ ਕੇ ਜਨਮ ਮਰਨ॥**', ਪੰਨਾ ੧੨੦੬.